# ਪ੍ਰਗਟ ਭਏ ਗੁਰ ਤੇਗ ਬਹਾਦਰ ਸਗਲ ਸ੍ਰਿਸ਼ਟ ਪੈ ਢਾਪੀ ਚਾਦਰ

ਅੰਮ੍ਰਿਤ ਕੌਰ
658/10, ਪੰਜਾਬ ਮਾਤਾ ਨਗਰ
ਲੁਧਿਆਣਾ
0161-2564498

ਕਵੀ ਸੈਨਾਪਤਿ ਦੀਆਂ ਲਿਖੀਆਂ ਉਪਰੋਕਤ ਸਤਰਾਂ ਸੌ ਫੀਸਦੀ ਸੱਚ ਹਨ। ਅਕਾਲ ਪੁਰਖ ਨੇ ਸਾਰੇ ਚੌਣਵੇਂ ਪੈਗੰਬਰਾਂ ਵਿੱਚੋਂ ਗੁਰੂ ਤੇਗ ਬਹਾਦਰ ਜੀ ਨੂੰ ਚੁਣਿਆ ਤੇ ਇਸ ਦੁੱਖੀ ਧਰਤ ਦੇ ਲੋਕਾਂ ਨੂੰ ਭਾਣਾ ਮੰਨਣ, ਸੱਚ ਦੇ ਰਾਹ ’ਤੇ ਚੱਲਣ, ਨਿੱਡਰ ਰਹਿਣ ਦੀ ਸਿੱਖਿਆ ਦੇਣ ਲਈ ਪ੍ਰਗਟ ਕੀਤਾ। ਚਾਰ ਸਾਲ ਦੀ ਉਮਰ ਵੇਲੇ ਜਦੋਂ ਆਪ ਜੀ ਦੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦੀ ਬਰਾਤ ਜਾ ਰਹੀ ਸੀ ਤਾਂ ਆਪ ਜੀ ਇਕ ਬਾਲਕ ਦਾ ਨੰਗੇਜ਼ ਵੇਖ ਨ ਸਹਾਰ ਸਕੇ ਤੇ ਆਪਣੀ ਕੀਮਤੀ ਪੋਸ਼ਾਕ, ਗਹਿਣੇ ਉਸ ਨੂੰ ਪਹਿਨਾ, ਉਸ ਦਾ ਨੰਗੇਜ਼ ਢੱਕ ਦਿੱਤਾ ਤਾਂ ਹੁਣ ਹਿੰਦੁਸਤਾਨ ਦੇ ਧਰਮਾਂ ਨੂੰ ਬਚਾਣ ਖ਼ਾਤਰ ਲੋਕਾਂ ਦੀ ਅਣਖ ਨੂੰ ਜਗਾਉਣ ਖ਼ਾਤਰ, ਆਪਣੇ ਸਰੀਰ ਰੂਪੀ ਚਾਦਰ ਨਾਲ ਜ਼ਾਲਮਾਂ ਦੇ ਅਤਿਆਚਾਰਾਂ ਨੂੰ ਰੋਕਣ ਲਈ ਕਿਵੇਂ ਨਾ ਸ਼ਹੀਦ ਹੁੰਦੇ।

ਗੁਰੂ ਜੀ ਨੇ ਉਸ ਜੰਞੂ ਤੇ ਤਿਲਕ ਦੀ ਰੱਖਿਆ ਖਾਤਰ ਸ਼ਹੀਦੀ ਦਿੱਤੀ ਜੋ ਨਾ ਤਾਂ ਉਹ ਆਪ ਪਾਉਂਦੇ ਸਨ ਤੇ ਨਾ ਹੀ ਗੁਰੂ ਨਾਨਕ ਦੇ ਰੂਪ ਵਿੱਚ ਇਸ ਨੂੰ ਸਵਿਕਾਰਿਆ ਸਗੋਂ ਸੱਚੇ ਜਨੇਊ ਦੇ



ਉਪਦੇਸ਼ ਸਦਕਾ ਕਈਆਂ ਨੇ ਜੰਞੂ ਉਤਾਰ ਦਿੱਤੇ। ਗੁਰੂ ਹਰਿਕ੍ਰਿਸ਼ਨ ਦੇ ਰੂਪ ਵਿੱਚ ਜਦ ਹੰਕਾਰੀ ਪੰਡਤ ਦਾ ਹੰਕਾਰ ਪੰਜੋਖਰੇ ਵਿਖੇ, ਛੱਜੂ ਦੇ ਸਿਰ ’ਤੇ ਛੜੀ ਰੱਖ, ਗੀਤਾ ਦੇ ਅਰਥ ਕਰਵਾ ਕੇ ਤੋੜਿਆ ਤਾਂ ਕਿਹਾ ਜਾਂਦਾ ਹੈ ਕਿ ਉਸ ਨੇ ਵੀ ਜੰਞੂ ਉਤਾਰ ਦਿੱਤਾ ‘ਸੁਣ ਦਿਜ ਨੇ ਗੁਰ ਸੂਤ ਉਤਾਰਾ’ ਇਹ ਇਕ ਗਵਾਹੀ ਹੈ ਧਰਮਾਂ ਦੇ ਇਤਿਹਾਸ ਵਿੱਚ ਨਵਾਂ ਵਿਧਾਨ ਲਾਗੂ ਕਰਨਾ। ਦੂਜਿਆਂ ਦੇ ਧਰਮ ਲਈ ਸ਼ਹੀਦ ਹੋਣਾ।

**ਬਾਂਹਿ ਜਿਨ੍ਹਾਂ ਦੀ ਪਕੜੀਏ, ਸਿਰ ਦੀਜੈ ਬਾਂਹਿ ਨ ਛੋੜੀਐ।**
**ਤੇਗ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋੜੀਐ।** (ਭੱਟ ਚਾਂਦ)

ਨੌਂਵੇਂ ਗੁਰੂ ਤੇਗ ਬਹਾਦਰ ਜੀ ਛੇਵੇਂ ਗੁਰੂ ਹਰਿਗੋਬਿੰਦ ਜੀ ਤੇ ਮਾਤਾ ਨਾਨਕੀ ਜੀ ਦੇ ਸਭ ਤੋਂ ਛੋਟੇ ਤੇ ਲਾਡਲੇ ਫਰਜ਼ੰਦ ਸਨ। ਗੁਰੂ ਹਰਿਗੋਬਿੰਦ ਜੀ ਨੇ ਨਵ-ਜਨਮੇ ਬੱਚੇ ਬਾਰੇ ਫੁਰਮਾਇਆ ‘ਇਹ ਬਾਲਕ ਅਜਰ ਨੂੰ ਜਰਨ ਵਾਲਾ, ਧੀਰਜ ਦਾ ਧੁਰੰਧਰ, ਆਪਾ ਵਾਰਨ ਵਾਲਾ, ਦੇਗ਼-ਤੇਗ ਦਾ ਧਨੀ ਹੋਵੇਗਾ ਤੇ ਗੁਰੂ ਉਪਦੇਸ਼ ਨੂੰ ਫੈਲਾਇਗਾ’।

ਸੱਚ-ਮੁੱਚ ਗੁਰੂ ਤੇਗ ਬਹਾਦਰ ਜੀ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ :

**ਤੇਰੇ ਕਵਨ ਕਵਨ ਗੁਣ ਕਹਿ ਕਹਿ**
**ਗਾਵਾ ਤੂ ਸਾਹਿਬ ਗੁਣੀ ਨਿਧਾਨਾ।।**
**ਤੁਮਰੀ ਮਹਿਮਾ ਬਰਨਿ ਨ ਸਾਕਉ**
**ਤੂੰ ਠਾਕੁਰ ਊਚ ਭਗਵਾਨਾ।।** (ਪੰਨਾ 735)

ਗੁਰੂ ਤੇਗ ਬਹਾਦਰ ਜੀ ਦੇ ਚਿਹਰੇ ਦੀ ਦਿੱਖ ਹੀ ਇਨੀਂ ਪ੍ਰਭਾਵਸ਼ਾਲੀ ਸੀ ਕਿ ਬੁਲਾਕੀ ਦਾਸ ਦੀ ਮਾਂ ਦੇ ਕਹਿਣ ’ਤੇ ਇਕ ਕਲਾਕਾਰ ਨੇ ਬਾਕੀ ਅੰਗਾਂ ਦੀ ਤਸਵੀਰ ਤਾਂ ਬਣਾ ਲਈ ਪਰ ਚਿਹਰੇ ਦੇ ਤੇਜ ਨੂੰ ਨਾ ਵੇਖ ਸਕਿਆ ਤਾਂ ਗੁਰੂ ਜੀ ਆਪ ਬਣਾ ਤਸਵੀਰ ਪੂਰੀ ਕੀਤੀ।

**ਧੀਰਜੀ**-ਇਤਨੇ ਕਿ ਗੋਲੀ ਮੱਥੇ ’ਤੇ ਲਗਣ ਤੋਂ ਬਾਅਦ ਉਫ਼ ਨਹੀਂ ਕੀਤੀ ਬਲਕਿ ਭਲੋ ਧੀਰਮਲ, ਭਲੋ ਧੀਰਮਲ ਹੀ ਕਹਿੰਦੇ ਰਹੇ। ਇਥੋਂ ਤੱਕ ਕਿ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕਰਨ ਗਏ ਤਾਂ ਦਰਵਾਜ਼ੇ ਬੰਦ ਹੋਣ ’ਤੇ ਬਾਹਰੋਂ ਹੀ ਸਰੋਵਰ ਵਿੱਚ ਇਸ਼ਨਾਨ ਕਰ ਵਾਪਸ ਆ ਗਏ।

**ਦੂਰ ਅੰਦੇਸ਼ੀ**-ਇਤਨੀ ਕਿ ਸ੍ਰੀ ਅਨੰਦਪੁਰ ਸਾਹਿਬ ਦਾ ਆਪ ਨਕਸ਼ਾ ਬਣਾਇਆ ਤਾਂ ਕਿ ਦੁਸ਼ਮਨ ਜਿੱਤ ਨਾ ਸਕਣ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦੂਰ-ਦੂਰ ਦੇ ਦੌਰੇ (ਯਾਤਰਾਵਾਂ) ਕਰ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ।

**ਸੰਤੋਖੀ ਤੇ ਦਾਨੀ**-ਇਤਨੇ ਕਿ ਜਦ ਮੱਖਣ ਸ਼ਾਹ ਧੀਰਮਲ ਘਰੋਂ ਲੁੱਟਿਆ ਮਾਲ ਵਾਪਸ ਲਿਆਏ ਤਾਂ ਆਪ ਜੀ ਨੇ ਵਾਪਸ ਕਰਨ ਦਾ ਹੁਕਮ ਦਿੱਤਾ। ਜਦੋਂ ਵੀ ਕੋਈ ਗਰੀਬ

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥ (ਬਚਿਤ੍ਰ ਨਾਟਕ)

ਜਾਂ ਲੋੜਵੰਦ ਦੇਖਦੇ ਉਸ ਦੀ ਲੋੜ ਪੂਰੀ ਕਰਦੇ। ਗੁਰੂ ਪੁੱਤਰ ਹੋਣ ਕਰਕੇ ਲੋਕੀ ਕੈਂਠੇ ਤੇ ਹੋਰ ਕਈ ਭੇਟਾਵਾਂ ਦੇਂਦੇ, ਆਪ ਸਭ ਵੰਡ ਦਿੰਦੇ।

**ਆਗਿਆਕਾਰੀ ਪੁੱਤਰ**-ਆਪ ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਵਿੱਚ ਪਿਤਾ ਦੀ ਨਜ਼ਰ ਸਾਹਮਣੇ ਹੀ ਬੈਠਦੇ ਤਾਂ ਕਿ ਇਸ਼ਾਰਾ ਹੁੰਦੇ ਸਾਰ ਆਗਿਆ ਦਾ ਪਾਲਣ ਕੀਤਾ ਜਾ ਸਕੇ। ਕਥਾ-ਵਾਰਤਾ ਪਿਆਰ ਨਾਲ ਸੁਣਦੇ। ਪਿਤਾ ਜੀ ਨੇ ਜੰਗ ਦੇ ਮੈਦਾਨ ਭੇਜਿਆ ਤਾਂ ਦੁਸ਼ਮਣਾਂ ਦਾ ਤਲਵਾਰ ਚਲਾ ਡੱਟ ਕੇ ਸਾਹਮਣਾ ਕੀਤਾ, ਤੇਗ ਬਹਾਦਰ ਦਾ ਨਾਂ ਗੁਰੂ ਹਰਿਗੋਬਿੰਦ ਜੀ ਨੇ ਬਖ਼ਸ਼ਿਆ। ਜਦੋਂ ਗੁਰੂ ਹਰਿਗੋਬਿੰਦ ਜੀ ਨੇ ਆਪ ਜੀ ਨੂੰ ਬਕਾਲੇ ਜਾਣ ਲਈ ਕਿਹਾ ਤਾਂ ਆਪ ਸਤਿਬਚਨ ਕਹਿ ਗੁਰੂ ਹਰਿਰਾਇ ਜੀ ਨੂੰ ਮੱਥਾ ਟੇਕ ਚਲੇ ਗਏ ਤੇ ਉਥੇ ਸਾਧਨਾ ਵਿੱਚ ਲੱਗ ਗਏ।

**ਸਫ਼ਲ ਪਤੀ**-ਗੁਰੂ ਹੋਣ 'ਤੇ ਆਪ ਜੀ ਹਮੇਸ਼ਾਂ ਮਾਤਾ ਗੁਜਰੀ ਜੀ ਦਾ ਵੀ ਧਿਆਨ ਰੱਖਦੇ। ਜਦੋਂ ਆਪ ਅਸਾਮ ਜਾਂ ਢਾਕੇ ਗਏ ਹੋਏ ਸਨ ਤਾਂ ਆਪ ਜੀ ਨੇ ਪਟਨੇ ਦੀ ਸੰਗਤ ਨੂੰ ਹੁਕਮਨਾਮੇ ਭੇਜੇ ਕਿ ਵੱਡੀ ਹਵੇਲੀ ਵਿੱਚ ਪਰਿਵਾਰ ਦੇ ਰਹਿਣ ਦਾ ਇੰਤਜ਼ਾਮ ਕਰਨਾ।

**ਪਿਆਰਾ ਪਿਤਾ**-ਬਣ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਦੀ ਖ਼ਬਰ ਸੁਣ ਪ੍ਰਸੰਨ ਹੋਏ। ਆਪ ਭਾਵੇਂ ਅਸਾਮ ਸਨ ਪਰ ਆਪਣੇ ਹੁਕਮਨਾਮਿਆਂ ਵਿੱਚ ਬਾਲ ਗੋਬਿੰਦ ਰਾਇ ਦਾ ਧਿਆਨ ਰੱਖਣ ਲਈ ਵਿਹੜੇ ਵਿੱਚ ਖੂਹ ਬੰਦ ਕਰਨ ਲਈ ਕਿਹਾ ਤਾਂ ਕਿ ਗਿਰੇ ਨਹੀਂ। ਪੜ੍ਹਾਈ ਸਿਖਲਾਈ ਲਈ ਦੂਰੋਂ ਦੂਰੋਂ ਵਿਦਵਾਨ ਬੁਲਾ ਹਰ ਭਾਂਤ ਦੀ ਸਿੱਖਿਆ ਦਿੱਤੀ। ਬਚਿੱਤ੍ਰ ਨਾਟਕ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੀ ਲਿਖਦੇ ਹਨ :

**ਮੱਦ੍ਰ ਦੇਸ ਹਮਕੋ ਲੇ ਆਏ।। ਭਾਂਤਿ ਭਾਂਤਿ ਦਾਈਅਨਿ ਦੁਲਰਾਏ।।**

**ਕੀਨੀ ਅਨਿਕ ਭਾਂਤਿ ਤਨ ਰੱਛਾ।। ਦੀਨੀ ਭਾਂਤਿ ਭਾਂਤਿ ਕੀ ਸਿੱਛਾ।।**

ਸਿੱਖਾਂ ਨੂੰ ਪਿਆਰ-ਇਤਨਾ ਕਰਦੇ ਕਿ ਸਿੱਖ ਆਪ ਦੇ ਹੁਕਮਾਂ 'ਤੇ ਚੱਲਦੇ ਤੇ ਜਾਨਾਂ ਵੀ ਵਾਰ ਗਏ। ਆਪ ਜੀ ਵੀ ਪੂਰੀ ਮਿੱਤਰਤਾ ਨਿਭਾਉਂਦੇ। ਸੈਫ ਖਾਨ ਮਿਤ੍ਰ ਲਈ ਜਿੱਥੇ ਜਾਂਦੇ ਉਥੋਂ ਜੋ ਚੰਗੀ ਚੀਜ਼ ਲੱਗਦੀ ਖਰੀਦ ਉਸ ਨੂੰ ਪਹੁੰਚਾਂਦੇ। ਮਤੀ ਦਾਸ, ਸਤੀ ਦਾਸ, ਭਾਈ ਦਿਆਲਾ, ਭਾਈ ਨਨੂਆ, ਭਾਈ ਲਖੀ ਸ਼ਾਹ ਆਦਿ ਨੂੰ ਹੁਕਮਨਾਮੇ ਭੇਜ ਯਾਦ ਕਰਦੇ। ਧਮਤਾਨ ਦੇ ਅਸਥਾਨ ਰਾਮ ਦੇਵ ਨਾਂ ਦੇ ਸਿੱਖ ਦੀ ਜਲ ਦੀ ਸੇਵਾ ਪ੍ਰਵਾਨ ਕਰ ਉਸ ਦੇ ਸਿਰ ਤੋਂ ਇੰਨੂ ਉਤਾਰ, ਜ਼ਖ਼ਮ ਆਪਣੇ ਹਥੀਂ ਸਾਫ ਕਰ, ਬਖਸ਼ਸ਼ ਕੀਤੀ। ਭਾਈ ਘਨ੍ਹਈਆ ਜੀ ਤੇ ਬਖਸ਼ਸ਼ ਕਰ ਸਮਦ੍ਰਿਸ਼ਟੀ ਦੀ ਦਾਤ ਬਖ਼ਸ਼ੀ।

ਭੈਣ ਨਾਲ ਪਿਆਰ ਤੇ ਫਰਜ਼ ਨਿਭਾਉਣ ਲਈ ਆਪ ਜੀ ਨੇ ਆਪਣੇ ਭਾਣਜਿਆਂ ਨੂੰ ਅਨੰਦਪੁਰ ਸਾਹਿਬ ਲਿਆਂਦਾ। ਉਨ੍ਹਾਂ ਨੂੰ ਅਨੰਦਪੁਰ ਦੀ ਰਾਖੀ ਦੀ ਸੇਵਾ ਸੰਭਾਲ ਦੇ ਕੇ ਫਿਰ ਆਪ ਮਾਲਵੇ ਦੇ ਦੌਰੇ 'ਤੇ ਗਏ।

**ਸੱਚਾ ਗੁਰੂ** ਪ੍ਰਗਟ ਹੋ ਕੇ ਵੀ ਨਿਮਰਤਾ ਵਿੱਚ ਰਹੇ। ਮਾਤਾ ਨਾਨਕੀ ਜੀ ਨੇ ਆਪ ਜੀ ਨੂੰ ਸਾਵਧਾਨ ਕੀਤਾ ਤੇ ਸਿੱਖੀ ਬੂਟੇ ਦੀ ਰਾਖੀ ਕਰਨ ਲਈ ਪ੍ਰੇਰਿਆ। ਧੀਰ ਮਲ ਦੇ ਵਾਰ ਕਰਨ 'ਤੇ ਆਪ ਜੀ ਤਾਂ ਚੁੱਪ ਰਹੇ ਪਰ ਮੱਖਣ ਸ਼ਾਹ ਨੇ ਕਿਹਾ ਕਿ ਗੁਰੂ ਜੀ ਮਾਨ ਹੁੰਦੇ ਨਿਰਮਾਨ ਹਨ, ਸਾਡਾ ਫਰਜ਼ ਹੈ ਹੰਕਾਰੀਆਂ ਨੂੰ ਸਜ਼ਾ ਦੇਈਏ। ਮੱਖਣ ਸ਼ਾਹ ਦੋਖੀਆਂ ਨੂੰ ਮੁਸ਼ਕਾਂ ਬੰਨ ਲੈ ਆਏ, ਸਮਾਨ ਵੀ ਲਿਆਏ ਪਰ ਇਸ ਸੱਚੇ ਗੁਰੂ ਨੇ ਸਭ ਨੂੰ ਮਾਫ਼ ਕਰ ਅਜ਼ਾਦ ਕਰ ਦਿੱਤਾ।

**ਗੁਰਬਾਣੀ** ਦੇ ਰਚਣਹਾਰ ਸਤਿਗੁਰੂ ਜੀ ਨੇ 15 ਰਾਗਾਂ ਵਿੱਚ ਬਾਣੀ ਉਚਾਰੀ। ਜ਼ਿਆਦਾਤਰ ਮਨ ਨੂੰ ਸਮਝਾ ਕੇ ਸੰਬੋਧਨ ਕਰਕੇ ਮਨੁੱਖ ਨੂੰ ਆਪਾ ਤਿਆਗ, ਆਲਸ ਤਿਆਗ, ਪ੍ਰਭਤਾ ਤੇ ਮੋਹ ਮਾਇਆ ਦਾ ਤਿਆਗ, ਚਿੰਤਾ ਤੇ ਮੌਤ ਦਾ ਡਰ ਤਿਆਗ ਕੇ ਗੁਰੂ-ਅਕਾਲ ਪੁਰਖ ਵਾਹਿਗੁਰੂ ਜੀ ਦੀ ਸ਼ਰਨ ਵਿੱਚ ਰਹਿ ਨਾਮ ਧਨ ਪ੍ਰਾਪਤ ਕਰਨ ਦਾ ਉਪਦੇਸ਼ ਦਿੰਦੇ ਹਨ। ਜੈਜਾਵੰਤੀ ਰਾਗ ਵਿੱਚ ਸਿਰਫ ਗੁਰੂ ਤੇਗ ਬਹਾਦਰ ਜੀ ਦੇ ਹੀ ਸ਼ਬਦ ਹਨ ਜਿਸ ਵਿੱਚ ਦੱਸਿਆ ਹੈ ਕਿ ਸਿਮਰਨ ਦੀ ਬਰਕਤ ਸਦਕਾ ਜਿੱਤ ਦੀ ਮਾਲਾ ਜੀਵ ਦੇ ਗਲੇ ਆ ਪੈਂਦੀ ਹੈ। ਸਲੋਕ ਮਹਲਾ ੯ ਦੇ ਹਰ ਸਲੋਕ ਵਿੱਚ ਮਨੁੱਖ ਨੂੰ ਨਿਰਾਸ਼ਾ ਤੋਂ ਹਟਾ ਚੜ੍ਹਦੀ ਕਲਾ ਵਿੱਚ ਰਹਿਣ ਦਾ ਉਪਦੇਸ਼ ਦਿੰਦੇ ਹੋਏ ਸਮਝਾਉਂਦੇ ਹਨ ਕਿ ਜਿਸ ਨੇ ਪ੍ਰਭੂ ਦਾ ਜਸ ਨਹੀਂ ਗਾਇਆ ਉਹ ਪਸ਼ੂ ਸਮਾਨ ਹੈ। ਇਸ ਜਗ ਵਿੱਚ ਕੋਈ ਕਿਸੇ ਦਾ ਨਹੀਂ। ਸਭ ਕੁੱਝ ਵਾਹਿਗੁਰੂ ਦੇ ਹੁਕਮ ਵਿੱਚ ਹੁੰਦਾ ਹੈ। ਜਦੋਂ ਇਕਾਗਰ ਚਿੱਤ ਪੁਕਾਰ ਕਰੀਏ ਤਾਂ 'ਉਹ' ਬਲ ਦੇ ਦੇਂਦਾ ਹੈ। ਬੰਧਨ ਟੁੱਟ ਜਾਂਦੇ ਹਨ। ਵਾਹਿਗੁਰੂ ਦੀ ਹੋਂਦ, ਉਸ ਦਾ ਨਾਮ ਸਦਾ ਰਹੇਗਾ। ਅੰਤਮ ਸਲੋਕ ਵਿੱਚ ਵਾਹਿਗੁਰੂ ਦੀ ਟੇਕ ਤੇ ਆਸਰੇ ਨਾਲ ਸਾਰੇ ਸੰਕਟ ਦੂਰ ਹੋਣ ਬਾਰੇ ਦੱਸਿਆ ਹੈ :

**ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ।।**

**(ਪੰਨਾ 1429)**

ਗੁਰੂ ਤੇਗ ਬਹਾਦਰ ਜੀ ਦਾ ਜੀਵਨ ਹੀ ਦੇਣ, ਵੰਡਣ ਤੇ ਕੁਰਬਾਨੀ ਦਾ ਸੀ। ਉਨ੍ਹਾਂ ਦੇ ਰਾਹ 'ਤੇ ਜੋ ਇਕ-ਟਿਕ ਹੋ ਟੁਰਿਆ ਉਸ ਕੋਲ ਨਉ ਨਿਧਾਂ ਆ ਗਈਆਂ :

**ਤੇਗ ਬਹਾਦਰ ਸਿਮਰੀਐ**
**ਘਰ ਨਉ ਨਿਧਿ ਆਵੈ ਧਾਇ।।**
**ਸਭ ਥਾਈਂ ਹੋਇ ਸਹਾਇ।**

**ਸਰਬੰਸ ਦਾਨੀ** ਗੁਰੂ ਤੇਗ ਬਹਾਦਰ ਜੀ ਆਪ ਸ਼ਹੀਦ ਹੋਏ ਤਾਂ ਆਪ ਦੀ ਪਤਨੀ ਮਾਤਾ ਗੁਜਰੀ ਜੀ ਸ਼ਹੀਦ, ਪੁੱਤਰ ਗੋਬਿੰਦ ਸਿੰਘ ਜੀ ਸ਼ਹੀਦ, ਪੋਤਰੇ ਚਾਰ ਸਾਹਿਬਜ਼ਾਦੇ, ਭੈਣ ਦੇ ਪੰਜੇ ਪੁੱਤਰ ਸ਼ਹੀਦ ਤੇ ਹੋਰ ਕਈ ਮਿੱਤਰ, ਨਿਕਟਵਰਤੀ ਸ਼ਹੀਦ ਹੁੰਦੇ ਰਹੇ।

ਮੈਥਲੀ ਸ਼ਰਨ ਗੁਪਤ ਨੇ ਆਪ ਬਾਰੇ ਇਉਂ ਲਿਖਿਆ ਹੈ :

**ਤੇਗ ਬਹਾਦਰ, ਹਾਂ, ਵੇ ਹੀ ਥੇ,**
**ਪੰਚਾਮ੍ਰਤ ਸਰ ਦੇ ਘਰਵਿੰਦ।**
**ਤੇਗ ਬਹਾਦਰ, ਹਾ, ਵੇ ਹੀ ਥੇ,**
**ਜਿਨ ਸੇ ਜਨਮੇ ਗੁਰੂ ਗੋਬਿੰਦ।**
**ਤੇਗ ਬਹਾਦਰ, ਹਾ, ਵੇ ਹੀ ਥੇ,**
**ਭਾਰਤ ਕੀ ਮਾਈ ਕੇ ਲਾਲ।**
**ਤੇਗ ਬਹਾਦਰ, ਹਾ, ਵੇ ਹੀ ਥੇ,**
**ਜਿਨ ਕਾ ਕੁਛ ਕਰ ਸਕਾ ਨਾ ਕਾਲ।**

**ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥ (ਪੰਨਾ ੧੪੨੯)**